# ਇੱਕ ਨਵੇਂ ਆਏ ਵਿਅਕਤੀ ਨੂੰ ਨਾਮਜ਼ਦ ਕਰੋ ਜਿਸ ਨੇ ਕੋਈ ਫਰਕ ਲਿਆਂਦਾ ਹੈ

28 ਜੂਨ, 2023 ਮੀਡੀਆ ਪੁੱਛਗਿੱਛ

## ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡਜ਼ (ਅਲਬਰਟਾ ਦਾ ਨਵੇਂ ਆਏ ਲੋਕਾਂ ਨੂੰ ਮਾਨਤਾ ਦਾ ਅਵਾਰਡ) ਲਈ ਨਾਮਜ਼ਦਗੀਆਂ ਖੁੱਲ੍ਹੀਆਂ ਹਨ, ਇਹ ਅਵਾਰਡਜ਼ ਸਾਡੇ ਭਾਈਚਾਰਿਆਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਪ੍ਰਵਾਸੀਆਂ ਦਾ ਜਸ਼ਨ ਮਨਾਉਂਦੇ ਹਨ।

ਕੋਈ ਵੀ ਵਿਅਕਤੀ ਅਜਿਹੇ ਨਵੇਂ ਆਏ ਵਿਅਕਤੀ ਨੂੰ ਨਾਮਜ਼ਦ ਕਰ ਸਕਦਾ ਹੈ ਜਿਸ ਨੇ ਵਲੰਟੀਅਰ ਗਤੀਵਿਧੀਆਂ, ਲੀਡਰਸ਼ਿਪ, ਕਾਰੋਬਾਰ ਵਿੱਚ ਨਵੀਨਤਾ, ਆਪਣੇ ਅਕਾਦਮਿਕ ਜਾਂ ਪੇਸ਼ੇਵਰ ਖੇਤਰ ਵਿੱਚ ਪ੍ਰਾਪਤੀਆਂ, ਜਾਂ ਵਧੇਰੇ ਸੁਆਗਤੀ ਅਤੇ ਸਮਾਵੇਸ਼ੀ ਭਾਈਚਾਰਿਆਂ ਦੀ ਸਿਰਜਣਾ ਕਰਕੇ ਸੂਬੇ ਨੂੰ ਬਿਹਤਰ ਬਣਾਇਆ ਹੈ।

ਅਵਾਰਡ ਦੀਆਂ ਸ਼੍ਰੇਣੀਆਂ ਨੌਜਵਾਨਾਂ, ਔਰਤਾਂ, ਬਜ਼ੁਰਗਾਂ, ਉੱਦਮੀਆਂ, ਅਕਾਦਮਿਕਾਂ, ਪੇਸ਼ੇਵਰਾਂ ਅਤੇ ਭਾਈਚਾਰੇ ਦੇ ਸਿਰਜਣਹਾਰਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੰਦੀਆਂ ਹਨ। ਹਰੇਕ ਸ਼੍ਰੇਣੀ ਵਿੱਚ ਦੋ ਨਾਮਜ਼ਦ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾ ਸਕਦਾ ਹੈ।

"ਅਲਬਰਟਾ ਸਾਡੇ ਸੂਬੇ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਯੋਗਦਾਨ ਪਾਉਣ ਵਾਲੇ ਬਹੁਤ ਸਾਰੇ ਪ੍ਰਵਾਸੀਆਂ ਕਾਰਨ ਮਜ਼ਬੂਤ ਹੈ। ਨਵੇਂ ਆਉਣ ਵਾਲੇ ਲੋਕ ਨਵੇਂ ਵਿਚਾਰ, ਹੁਨਰ ਅਤੇ ਪ੍ਰਤਿਭਾ ਲਿਆਉਂਦੇ ਹਨ। ਉਹ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਦੇ ਹਨ, ਆਪਣਾ ਕਾਰੋਬਾਰ ਸ਼ੁਰੂ ਕਰਦੇ ਹਨ ਅਤੇ ਆਪਣੇ ਆਂਢ-ਗੁਆਂਢ, ਸਕੂਲਾਂ ਅਤੇ ਕੰਮ ਕਰਨ ਦੇ ਸਥਾਨਾਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ। ਇਹ ਮਹੱਤਵਪੂਰਨ ਹੈ ਕਿ ਅਸੀਂ ਇਨ੍ਹਾਂ ਸ਼ਾਨਦਾਰ ਵਿਅਕਤੀਆਂ ਦਾ ਸਨਮਾਨ ਕਰਨ ਲਈ ਸਮਾਂ ਕੱਢੀਏ।"

*ਮੁਹੰਮਦ ਯਾਸੀਨ, ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰਵਾਦ ਮੰਤਰੀ*

ਜਮ੍ਹਾਂ ਕੀਤੀਆਂ ਨਾਮਜ਼ਦਗੀਆਂ ਦਾ ਮੁਲਾਂਕਣ ਮਾਪਦੰਡਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਜਿਵੇਂ ਕਿ ਨਾਮਜ਼ਦ ਵਿਅਕਤੀ ਦਾ ਸਮੁੱਚਾ ਯੋਗਦਾਨ, ਉਹਨਾਂ ਦੀਆਂ ਕਾਰਵਾਈਆਂ ਨੇ ਕਿਵੇਂ ਕਿਸੇ ਲੋੜ ਨੂੰ ਪੂਰਾ ਕੀਤਾ ਅਤੇ ਦੂਜਿਆਂ ਨੂੰ ਪ੍ਰਭਾਵਿਤ ਕੀਤਾ, ਅਤੇ ਸਮੱਸਿਆ ਨੂੰ ਹੱਲ ਕਰਨ ਵੇਲੇ ਉਹਨਾਂ ਨੇ ਕਿਵੇਂ ਅਗਵਾਈ ਅਤੇ ਮੌਲਿਕਤਾ ਦਾ ਪ੍ਰਦਰਸ਼ਨ ਕੀਤਾ।

ਨਾਮਜ਼ਦਗੀਆਂ ਆਨਲਾਈਨ ਪੋਰਟਲ ਰਾਹੀਂ ਸਵੀਕਾਰ ਕੀਤੀਆਂ ਜਾ ਰਹੀਆਂ ਹਨ। ਅਰਜ਼ੀ ਦੇਣ ਦੀ ਆਖਰੀ ਮਿਤੀ 31 ਜੁਲਾਈ ਹੈ।

ਅਵਾਰਡ ਪ੍ਰੋਗਰਾਮ, ਅਲਬਰਟਾ ਵਿੱਚ ਨਵੇਂ ਆਏ ਲੋਕਾਂ ਦੀ ਜ਼ਿੰਦਗੀ ਵਿੱਚ ਤਬਦੀਲੀ ਕਰਨ ਵਿੱਚ ਮਦਦ ਕਰਨ ਅਤੇ ਅਲਬਰਟਾ ਵਾਸੀਆਂ ਦੀ ਆਪਣੀ ਵਿਵਿਧਤਾ ਅਤੇ ਸੱਭਿਆਚਾਰਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਵਿੱਚ ਮਦਦ ਕਰਨ ਲਈ ਕਈ ਸਰਕਾਰੀ ਪਹਿਲਕਦਮੀਆਂ ਵਿੱਚੋਂ ਇੱਕ ਹੈ।

# ਫੌਰੀ ਤੱਥ

- ਨਾਮਜ਼ਦਗੀਆਂ 31 ਜੁਲਾਈ ਤੱਕ ਖੁੱਲ੍ਹੀਆਂ ਹਨ।
- ਅਵਾਰਡਜ਼ ਵਿੱਚ ਨੌਂ ਸ਼੍ਰੇਣੀਆਂ ਸ਼ਾਮਲ ਹਨ: ਕਰੀਅਰ ਅਤੇ ਅਕਾਦਮਿਕ ਯੋਗਦਾਨ, ਉੱਦਮ ਦੀ ਭਾਵਨਾ, ਸਮਾਵੇਸ਼ੀ ਕਾਰਜ ਸਥਾਨ, ਨਵੇਂ ਆਏ ਚੈਂਪੀਅਨ, ਬਜ਼ੁਰਗ ਦੀ ਭਾਵਨਾ ਅਵਾਰਡ, ਛੋਟੇ ਭਾਈਚਾਰੇ ਵਿੱਚ ਸੁਧਾਰ, ਵਿਦਿਆਰਥੀ ਪ੍ਰੇਰਨਾ, ਔਰਤਾਂ ਦੇ ਨਵੇਂ ਆਉਣ ਵਾਲਿਆਂ ਦੇ ਪ੍ਰਭਾਵ, ਅਤੇ ਨੌਜਵਾਨ ਨੇਤਾ।
- ਨਾਮਜ਼ਦਗੀਆਂ ਨੂੰ ਇੱਕ ਔਨਲਾਈਨ ਪੋਰਟਲ ਰਾਹੀਂ ਜਮ੍ਹਾਂ ਕਰਾਉਣਾ ਲਾਜ਼ਮੀ ਹੈ।
- ਯੋਗ ਹੋਣ ਲਈ, ਇਹ ਜ਼ਰੂਰੀ ਹੈ ਕਿ ਨਾਮਜ਼ਦ ਵਿਅਕਤੀ:
    - ਇੱਕ ਵਿਅਕਤੀ ਹੋਏ (ਕੋਈ ਸਮੂਹ ਜਾਂ ਸੰਗਠਨ ਨਹੀਂ)
    - ਉਸਨੂੰ ਅਲਬਰਟਾ ਸਰਕਾਰ ਦਾ ਅਜਿਹਾ ਅਵਾਰਡ ਨਾ ਮਿਲਿਆ ਹੋਵੇ
    - ਕੈਨੇਡਾ ਤੋਂ ਬਾਹਰ ਪੈਦਾ ਹੋਇਆ ਹੋਵੇ (ਪਰ ਕਈ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੋ ਸਕਦਾ ਹੈ)
    - ਇੱਕ ਸਥਾਈ ਨਿਵਾਸੀ ਜਾਂ ਕੈਨੇਡੀਅਨ ਨਾਗਰਿਕ ਹੋਵੇ
    - ਕੋਈ ਅਜਿਹੀ ਫੌਜ਼ਦਾਰੀ ਦੋਸ਼ਸਿੱਧੀ ਨਾ ਹੋਈ ਹੋਵੇ ਜਿਸ ਲਈ ਮਾਫ਼ੀ ਨਹੀਂ ਦਿੱਤੀ ਗਈ ਹੈ
    - ਚੁਣਿਆ ਹੋਇਆ ਅਧਿਕਾਰੀ ਨਾ ਹੋਵੇ
    - ਨਾਮਜ਼ਦਗੀ ਦੇ ਸਮੇਂ ਅਲਬਰਟਾ ਵਿੱਚ ਰਹਿੰਦਾ ਹੋਵੇ
    - ਅਲਬਰਟਾ ਵਿੱਚ ਯੋਗਦਾਨ ਪਾਇਆ ਹੋਵੇ

# ਸੰਬੰਧਿਤ ਜਾਣਕਾਰੀ

- ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡਜ਼ (ਅਲਬਰਟਾ ਦਾ ਨਵੇਂ ਆਏ ਲੋਕਾਂ ਨੂੰ ਮਾਨਤਾ ਦਾ ਅਵਾਰਡ)

## ਮਲਟੀਮੀਡੀਆ

- ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡਜ਼ ਵੀਡੀਓ